# ੴ ਸਰਬੰਸਦਾਨੀ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੴ



ਦੇ

# ਪ੍ਰਕਾਸ਼ ਗੁਰਪੁਰਬ

ਨੂੰ ਸਮਰਪਿਤ

# ਨਗਰ ਕੀਰਤਨ

## ਗੁਰਦੁਆਰਾ ਰਕਾਬ ਗੰਜ ਸਾਹਿਬ

ਤੋਂ

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

ਸ਼ਿਵ ਨਗਰ (ਜੀ-ਬਲਾਕ), ਨਵੀਂ ਦਿੱਲੀ

**ਐਤਵਾਰ 5 ਜਨਵਰੀ 2025**

**ਸਵੇਰੇ 10.00 ਵਜੇ**

**ਨਗਰ ਕੀਰਤਨ ਦਾ ਰੂਟ**

ਤਾਲਕਟੋਰਾ ਰੋਡ, ਸ਼ੰਕਰ ਰੋਡ, ਰਜਿੰਦਰ ਨਗਰ, ਪਟੇਲ ਨਗਰ, ਸ਼ਾਦੀਪੁਰ ਡਿਪੂ, ਮੋਤੀ ਨਗਰ, ਕੀਰਤੀ ਨਗਰ, ਰਮੇਸ਼ ਨਗਰ, ਰਾਜਾ ਗਾਰਡਨ, ਰਾਜੌਰੀ ਗਾਰਡਨ, ਸੁਭਾਸ਼ ਨਗਰ ਮੋੜ, ਤਿਲਕ ਨਗਰ, ਜੇਲ੍ਹ ਰੋਡ ਤੋਂ ਹੁੰਦੇ ਹੋਏ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਵ ਨਗਰ (ਜੀ-ਬਲਾਕ) ਵਿਖੇ ਸਮਾਪਤ ਹੋਵੇਗਾ।

## दशमेश पिता श्री गुरु गोबिंद सिंह जी के

**प्रकाश गुरुपर्व** को समर्पित **नगर कीर्तन**

**रविवार, 5 जनवरी 2025 | प्रात : 10.00 बजे**

**गुरुद्वारा रकाब गंज साहिब**

से

**गुरुद्वारा श्री गुरु सिंह सभा**

शिव नगर (जी-ब्लॉक), नई दिल्ली

**नगर कीर्तन का रूट**

तालकटोरा रोड, शंकर रोड, रजिन्द्र नगर, पटेल नगर, शादीपुर डिपो, मोती नगर, कीर्ति नगर, रमेश नगर, राजा गार्डन, राजौरी गार्डन, सुभाष नगर मोड, तिलक नगर, जेल रोड से होता हुआ गुरुद्वारा श्री गुरु सिंह सभा, शिव नगर (जी-ब्लॉक) में समाप्त होगा।

ਗੁਰਮਤਿ ਸਮਾਗਮ ਸੋਮਵਾਰ, 6 ਜਨਵਰੀ 2025 ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁ. ਰਕਾਬ ਗੰਜ ਸਾਹਿਬ ਵਿਖੇ ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤੱਕ ਹੋਵੇਗਾ।

ਗੁਰੂ ਪੰਥ ਦੇ ਦਾਸ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਆਤਮਾ ਸਿੰਘ ਲੁਬਾਣਾ** ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਜਸਮੇਨ ਸਿੰਘ ਨੋਨੀ** ਸਕੱਤਰ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਦੇਗ ਤੇਗ ਫਤਿਹ॥

ਸਾਹਿਬ-ਏ-ਕਮਾਲ, ਖਾਲਸਾ ਪੰਥ ਦੇ ਬਾਨੀ, ਬਾਦਸ਼ਾਹ ਦਰਵੇਸ਼, ਦਸਮੇਸ਼ ਪਿਤਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਦੇ

# ਪ੍ਰਕਾਸ਼ ਗੁਰਪੁਰਬ

ਨੂੰ ਸਮਰਪਿਤ

## ਨਗਰ ਕੀਰਤਨ

**੨੨ ਪੋਹ , ਨਾਨਕਸ਼ਾਹੀ ਸੰਮਤ ੫੫੬**

ਮੁਤਾਬਿਕ

**ਐਤਵਾਰ, 5 ਜਨਵਰੀ 2025**

ਗੁ. ਰਕਾਬ ਗੰਜ ਸਾਹਿਬ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਵ ਨਗਰ (ਜੀ ਬਲਾਕ)

## ਗੁਰਮਤਿ ਸਮਾਗਮ

**੨੩ ਪੋਹ , ਨਾਨਕਸ਼ਾਹੀ ਸੰਮਤ ੫੫੬**

ਮੁਤਾਬਿਕ

**ਸੋਮਵਾਰ, 6 ਜਨਵਰੀ 2025**

ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ

ਬੜੇ ਉਤਸ਼ਾਹ ਅਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ

**ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਦੇ ਪ੍ਰਕਾਸ਼ ਗੁਰਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ

**ਧਰਮ ਪ੍ਰਚਾਰ ਕਮੇਟੀ**

**ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

# ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ

ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਜੀ ਦਾ ਆਗਮਨ ਪਟਨਾ ਸ਼ਹਿਰ (ਬਿਹਾਰ) ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਸੰਨ 1666 ਈਸਵੀ ਨੂੰ ਹੋਇਆ। ਉਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਯਾਤਰਾ 'ਤੇ ਸਨ। ਸਾਹਿਬਜ਼ਾਦੇ ਦਾ ਪ੍ਰਕਾਸ਼ ਹੋਣ ਦੀ ਖਬਰ ਮਿਲਣ 'ਤੇ ਉਨ੍ਹਾਂ ਦਾ ਨਾਮ 'ਗੋਬਿੰਦ ਰਾਏ' ਰੱਖਣ ਬਾਰੇ ਹੁਕਮ ਭੇਜਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਲਪਨ ਪਟਨੇ ਵਿਚ ਹੀ ਬਤੀਤ ਹੋਇਆ। ਉਥੇ ਉਨ੍ਹਾਂ ਅਨੇਕਾਂ ਚੋਜ ਕੀਤੇ, ਜਿਨ੍ਹਾਂ ਦੀਆਂ ਨਿਸ਼ਾਨੀਆਂ ਗੁਰਦੁਆਰਿਆਂ ਦੇ ਰੂਪ ਵਿਚ ਉਥੇ ਮੌਜੂਦ ਹਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦਪੁਰ ਪਹੁੰਚੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਲਿਆ ਤੇ ਆਪਣੀ ਦੇਖ-ਰੇਖ ਵਿਚ ਉਨ੍ਹਾਂ ਨੂੰ ਵੱਖ-ਵੱਖ ਭਾਸ਼ਾਵਾਂ ਦੀ ਸਿੱਖਿਆ ਦੇ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਦੀ ਸਿੱਖਿਆ ਵੀ ਦੁਆਉਣ ਦਾ ਪ੍ਰਬੰਧ ਕੀਤਾ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹੀਦੀ ਦਿੱਤੀ ਤਾਂ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੁਨਿਆਵੀ ਉਮਰ 9 ਸਾਲ ਦੀ ਸੀ ਅਤੇ ਸਿੱਖਾਂ ਲਈ ਇਹ ਸਮਾਂ ਬੜੀ ਵੱਡੀ ਚੁਣੌਤੀ ਦਾ ਸੀ। ਇਸ ਲਈ ਕੌਮ ਵਿਚ ਜ਼ੁਲਮ ਦੇ ਖਿਲਾਫ ਡੱਟ ਕੇ ਮੁਕਾਬਲਾ ਕਰਨ ਲਈ ਤਿਆਰ-ਬਰ-ਤਿਆਰ ਹੋਣ ਵਾਸਤੇ ਹੁਕਮਨਾਮੇ ਭੇਜੇ, ਜਿਨ੍ਹਾਂ ਦੀ ਬਦੌਲਤ ਸੰਗਤਾਂ ਸ਼ਸਤਰ ਤੇ ਆਪਣੇ ਆਪ ਨੂੰ ਅਰਪਣ ਕਰਨ ਲਈ ਵਹੀਰਾਂ ਘੱਤ ਕੇ ਅਨੰਦਪੁਰ ਸਾਹਿਬ ਪੁੱਜਣ ਲੱਗੀਆਂ। ਗੁਰੂ ਸਾਹਿਬ ਨੇ ਆਤਮ-ਨਿਰਭਰਤਾ ਲਈ ਅਨੰਦਪੁਰ ਸਾਹਿਬ ਵਿਖੇ ਸ਼ਸਤਰ ਵਿਦਿਆ ਦੇ ਪ੍ਰਬੰਧ ਕੀਤੇ ਅਤੇ ਸ਼ਹਿਰ ਦੀ ਰਾਖੀ ਲਈ ਕਿਲ੍ਹਿਆਂ ਦੀ ਉਸਾਰੀ ਕਰਵਾਈ।

'ਬਾਦਸ਼ਾਹ ਦਰਵੇਸ਼' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਨਾਲ ਹਿੰਦੁਸਤਾਨ ਦੇ ਆਵਾਮ ਵਿਚ ਸ੍ਵੈਮਾਨ, ਆਤਮ ਸਨਮਾਨ ਅਤੇ ਆਜ਼ਾਦੀ ਦੀ ਚੇਤਨਾ ਜਾਗੀ। ਉਨ੍ਹਾਂ ਦੀਆਂ ਪ੍ਰਾਪਤੀਆਂ 42 ਸਾਲ ਦੇ ਥੋੜ੍ਹੇ ਜਿੰਨ੍ਹੇ ਅਰਸੇ ਵਿਚ ਦੁਨੀਆਂ ਦੇ ਇਤਿਹਾਸ ਵਿਚ ਅਦੁੱਤੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਸਾਧਨਾ, ਸਰਵਪੱਖੀ ਸ਼ਖਸੀਅਤ, ਇਕ ਮਰਦ ਅਗੰਮੜਾ ਤੇ ਸਰਬੰਸਦਾਨੀ ਦਾ ਹੈ। ਉਨ੍ਹਾਂ ਦਾ ਸਮੁੱਚਾ ਜੀਵਨ ਸੱਚ, ਪ੍ਰੇਮ, ਸਨਮਾਨ ਤੇ ਆਜ਼ਾਦੀ ਦੇ ਗੁਣਾਂ ਨਾਲ ਸ਼ਿੰਗਾਰਿਆ ਹੋਇਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਮਰਜੀਵੜਿਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਪੰਜ ਪਿਆਰੇ ਬਣਾਇਆ ਤੇ ਫਿਰ 'ਆਪੇ ਗੁਰ ਚੇਲਾ' ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਣ ਲਈ ਆਪਣੇ ਸਾਰੇ ਵਿਸ਼ੇਸ਼ਾ ਅਧਿਕਾਰ 'ਗੁਰੂ ਪੰਥ' ਦੇ ਹਵਾਲੇ ਕਰ ਦਿੱਤੇ। ਪੰਜ ਪਿਆਰਿਆਂ ਤੋਂ ਆਪ ਹੱਥ ਜੋੜ ਕੇ ਅੰਮ੍ਰਿਤ ਦੀ ਦਾਤ ਮੰਗ ਕੇ ਪੰਜ ਪਿਆਰਿਆਂ ਨੂੰ ਸਰਵੋਤਮ ਮੰਨ ਲਿਆ ਅਤੇ ਖਾਲਸੇ ਵਿਚ ਅਭੇਦ ਹੋ ਗਏ।

# GURU GOBIND SINGH – A SAINTLY POTENTATE

The tenth guru, Guru Gobind Singh Ji was born in Patna city (Bihar) in 1666. His parents were Mata Gujri Ji and Guru Teg Bahadur Ji. His Father Guru Teg Bahadur Ji received this joyous news while he was travelling and immediately named him 'Gobind Rai'. His early childhood was spent in Patna and there are several Gurudwaras in Patna dedicated to him.

When Guru Teg Bahadur ji reached and settled in Anandpur Sahib, he summoned him there and started his education in various languages warfare and horse riding. Guru Gobind Singh ji was just 9 years old when Guru Teg Bahadur Ji was martyred for protection of human rights of the common people.

It was a challenging time for Sikhs. Even at a young age Guru Gobind Singh Ji understood that the Sikhs will have to rise up to the occasion and be prepared for combat. He made sure that all Sikhs reaching Anandpur Sahib would be taught self-defence and be given training in basic warfare. He also constructed forts (Quilas) thus making arrangements for protection of the city.

The saint emperor Guru Gobind Singh ji ensured that the common people of India should feel self-worth and be conscious of their freedoms and their rights. His accomplishments in the short span of 42 years are unparalleled in the whole world and stands out as an example and an inspiration for all. He had a multifaceted personality and his entire life was spent in the pursuit of truth, love, respect and freedom for all.

Guru Gobind Singh ji created the institution of the five beloved (Panj Pyare), devotees who would always willingly be ready to give up their life for the Guru and the Panth. He went a step further and presented himself as a 'Sikh' to these five beloveds, thus giving up his special entitlements as a Guru of the Sikh Panth. Instead he chose to disperse these entitlements among the whole Sikh Panth. He chose to amalgamate himself in the Khalsa Panth by having 'Amrit' (holy water) from the 'Panj Pyare', consequently according them a higher place than himself.

## ਨਗਰ ਕੀਰਤਨ ਐਤਵਾਰ, 5 ਜਨਵਰੀ 2025

ਸਵੇਰੇ 9.30 ਵਜੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਆਰੰਭ ਹੋ ਕੇ ਤਾਲਕਟੋਰਾ ਰੋਡ, ਸ਼ੰਕਰ ਰੋਡ, ਰਜਿੰਦਰ ਨਗਰ, ਪਟੇਲ ਨਗਰ, ਸ਼ਾਦੀਪੁਰ, ਮੋਤੀ ਨਗਰ, ਕੀਰਤੀ ਨਗਰ, ਰਮੇਸ਼ ਨਗਰ, ਰਾਜਾ ਗਾਰਡਨ, ਰਾਜੌਰੀ ਗਾਰਡਨ, ਸੁਭਾਸ਼ ਨਗਰ ਮੋੜ, ਤਿਲਕ ਨਗਰ, ਫਤਿਹ ਨਗਰ, ਜੇਲ੍ਹ ਰੋਡ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਵ ਨਗਰ (ਜੀ-ਬਲਾਕ), ਨਵੀਂ ਦਿੱਲੀ ਵਿਖੇ ਪਹੁੰਚੇਗਾ।

### 5 ਜਨਵਰੀ 2025 (ਸ਼ਾਮ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,ਸ਼ਿਵ ਨਗਰ (ਜੀ ਬਲਾਕ)

5.45 ਤੋਂ 6.15 – ਪਾਠ – ਸ੍ਰੀ ਰਹਰਾਸਿ ਸਾਹਿਬ

6.15 ਤੋਂ 7.30 – ਕੀਰਤਨ – ਭਾਈ ਗੁਰਪ੍ਰੀਤ ਸਿੰਘ ਜੀ ਸ਼ਾਨ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.30 ਤੋਂ 8.30 – ਕੀਰਤਨ – ਭਾਈ ਸਤਨਾਮ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

8.30 ਤੋਂ 9.30 – ਕੀਰਤਨ – ਭਾਈ ਸਾਹਿਬ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

9.30 ਤੋਂ 10.30 – ਕੀਰਤਨ – ਭਾਈ ਭੁਪਿੰਦਰ ਸਿੰਘ ਜੀ ਅਨੰਦ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

10.30 ਤੋਂ 11.30 – ਕੀਰਤਨ – ਭਾਈ ਭੁਪਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

ਉਪਰੰਤ ਅਰਦਾਸ ਅਤੇ ਸਮਾਪਤੀ

### ਸਿੱਧਾ ਪ੍ਰਸਾਰਣ

ਸੋਮਵਾਰ, 6 ਜਨਵਰੀ 2025 ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਤੋਂ ਗੁਰਮਤਿ ਸਮਾਗਮ ਦਾ ਸਿੱਧਾ ਪ੍ਰਸਾਰਣ Chardikala Time T.V. 'ਤੇ ਸਵੇਰੇ 10.00 ਵਜੇ ਤੋਂ ਦੁਪਹਿਰ 3.00 ਵਜੇ ਤੱਕ ਤੇ ਰਾਤ 8.00 ਵਜੇ ਤੋਂ ਸਮਾਪਤੀ ਤੱਕ ਅਤੇ ਵੈਬਸਾਈਟ www.dsgmc.in, GSPS Live, Kirtanpardhana.com, Amritrass Live, Paramsikh Ithass, Akaal Sahai T.V., Sikhi Channel, Gurdwara Rakab Ganj Sahib Facebook Page / Youtube Channel 'ਤੇ ਸਵੇਰੇ 5.30 ਵਜੇ ਤੋਂ ਰਾਤ ਸਮਾਪਤੀ ਤਕ ਹੋਵੇਗਾ।

# ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ

## 6 ਜਨਵਰੀ 2025 (ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤਕ)

3.30 ਤੋਂ 5.30 – ਪਾਠ – ਸ੍ਰੀ ਸੁਖਮਨੀ ਸਾਹਿਬ ਅਤੇ ਨਿਤਨੇਮ

5.30 ਤੋਂ 8.00 – ਆਸਾ ਦੀ ਵਾਰ –ਭਾਈ ਪ੍ਰੇਮ ਸਿੰਘ ਜੀ ਬੰਧੂ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

8.00 ਤੋਂ 9.00 – ਕੀਰਤਨ – ਭਾਈ ਜਗਦੀਪ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

9.00 ਤੋਂ 10.00 – ਕੀਰਤਨ – ਭਾਈ ਮਨੋਹਰ ਸਿੰਘ ਗੁਰਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

10.00 ਤੋਂ 11.00 – ਕਥਾ – ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ

11.00 ਤੋਂ 12.15 – ਕੀਰਤਨ – ਭਾਈ ਸੁਖਵੰਤ ਸਿੰਘ ਜੀ ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

12.15 ਤੋਂ 1.15 – ਕੀਰਤਨ – ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ

1.15 ਤੋਂ 1.45 – ਪੰਥਕ ਵਿਚਾਰਾਂ

1.45 ਤੋਂ 2.00 – ਨਾਮ ਸਿਮਰਨ – ਬਾਬਾ ਬਚਨ ਸਿੰਘ ਜੀ ਕਾਰ ਸੇਵਾ

2.00 ਤੋਂ 3.00 – ਕੀਰਤਨ – ਭਾਈ ਜਗਜੀਤ ਸਿੰਘ ਬਬੀਹਾ

3.00 ਤੋਂ 4.00 – ਕੀਰਤਨ – ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ
ਕਾਲਕਾਜੀ, ਵਸੰਤ ਵਿਹਾਰ, ਹੇਮਕੁੰਟ ਕਲੋਨੀ
ਭਾਈ ਜੋਗਾ ਸਿੰਘ ਪਬਲਿਕ ਸਕੂਲ, ਕਰੋਲ ਬਾਗ

4.00 ਤੋਂ 5.00 – ਕਵੀ ਦਰਬਾਰ – ਸ. ਗੁਰਚਰਨ ਸਿੰਘ ਚੰਨ ਜਲਾਲਾਬਾਦ,
ਸ. ਸੁਲੱਖਣ ਸਿੰਘ ਨਿਰਾਲਾ, ਬੀਬੀ ਸਤਵੰਤ ਕੌਰ ਮਠਾਰੂ
ਬੀਬੀ ਸਤਨਾਮ ਕੌਰ ਸੱਤੇ, ਬੀਬੀ ਸੁਰਿੰਦਰ ਕੌਰ

5.00 ਤੋਂ 5.45 – ਕੀਰਤਨ – ਭਾਈ ਗੁਰਮੇਲ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

5.45 ਤੋਂ 6.25 – ਪਾਠ – ਸ੍ਰੀ ਰਹਰਾਸਿ ਸਾਹਿਬ

6.25 ਤੋਂ 7.15 – ਕੀਰਤਨ – ਭਾਈ ਕੇਵਲ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.15 ਤੋਂ 8.15 – ਕੀਰਤਨ – ਭਾਈ ਸੁਖਵਿੰਦਰ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

8.15 ਤੋਂ 9.15 – ਕੀਰਤਨ – ਭਾਈ ਅਜੀਤ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

9.15 ਤੋਂ 10.15 – ਕੀਰਤਨ – ਭਾਈ ਸੁਖਵੰਤ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

10.15 ਤੋਂ 11.15 – ਕੀਰਤਨ – ਭਾਈ ਜਗਦੀਪ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

11.15 ਤੋਂ 12.15 – ਕੀਰਤਨ – ਭਾਈ ਜਗਜੀਤ ਸਿੰਘ ਜੀ ਬਬੀਹਾ

ਉਪਰੰਤ ਅਰਦਾਸ ਅਤੇ ਸਮਾਪਤੀ

## ਪਾਲਕੀ ਸਾਹਿਬ ਦੀ ਜਾਣਕਾਰੀ G.P.S. ਸਿਸਟਮ ’ਤੇ

ਨਗਰ ਕੀਰਤਨ ’ਚ ਸ਼ਾਮਿਲ ਪਾਲਕੀ ਸਾਹਿਬ ਦੀ ਲੋਕੇਸ਼ਨ ਬਾਰੇ ਸੰਗਤਾਂ ਨੂੰ ਸਹੀ ਜਾਣਕਾਰੀ ਦੇਣ ਲਈ ਪਾਲਕੀ ਸਾਹਿਬ ਨੂੰ G.P.S. ਸਿਸਟਮ ਨਾਲ ਜੋੜ ਦਿੱਤਾ ਗਿਆ ਹੈ। ਸੰਗਤਾਂ ਪਾਲਕੀ ਸਾਹਿਬ ਦੀ ਲੋਕੇਸ਼ਨ ਬਾਰੇ ਜਾਣਕਾਰੀ ਦਿੱ. ਸਿੱ. ਗੁ. ਪ੍ਰ. ਕਮੇਟੀ ਦੀ ਵੈਬਸਾਈਟ www.dsgmc.in ’ਤੇ ਕਲਿੱਕ ਕਰਕੇ ਪ੍ਰਾਪਤ ਕਰ ਸਕਦੀਆਂ ਹਨ।

ਸੋਮਵਾਰ, 6 ਜਨਵਰੀ 2025 ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਹੋ ਰਹੇ ਗੁਰਮਤਿ ਸਮਾਗਮ ’ਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਨੂੰ ਪਟੇਲ ਚੌਂਕ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਲਿਆਉਣ ਤੇ ਵਾਪਿਸ ਛੱਡਣ ਲਈ ਅਤੇ ਰਾਤ ਨੂੰ ਦੀਵਾਨ ਦੀ ਸਮਾਪਤੀ ਉਪਰੰਤ ਵੀ ਦਿੱ. ਸਿੱ. ਗੁ. ਪ੍ਰ. ਕਮੇਟੀ ਵੱਲੋਂ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

## ਅੰਮ੍ਰਿਤ ਸੰਚਾਰ

ਸੋਮਵਾਰ, 6 ਜਨਵਰੀ 2025 ਨੂੰ ਸਵੇਰੇ 11.00 ਵਜੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਖੀ ਸੱਜਣ ਕੇਸੀ ਇਸ਼ਨਾਨ ਕਰਕੇ ਕਕਾਰਾਂ ਸਹਿਤ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਗੁਰਦੁਆਰਾ ਸਾਹਿਬ ਵਿਖੇ ਪੁੱਜ ਜਾਣ। ਲੋੜ ਅਨੁਸਾਰ ਕਕਾਰਾਂ ਦੀ ਸੇਵਾ ਦਿੱ.ਸਿੱ.ਗੁ.ਪ੍ਰ. ਕਮੇਟੀ ਵੱਲੋਂ ਕੀਤੀ ਜਾਵੇਗੀ।

**ਨੋਟ** ☞ ਨਗਰ ਕੀਰਤਨ ਵਿੱਚ ਭੰਗੜਾ ਪਾਰਟੀਆਂ ਸ਼ਾਮਿਲ ਨਾ ਹੋਣ।

## ਸੀਸ ਗੰਜ ਮਾਸਿਕ ਮੈਗਜ਼ੀਨ

ਆਪਣੇ ਬੱਚਿਆਂ ਨੂੰ ਗੁਰੂ, ਗੁਰਮਤਿ ਤੇ ਗੁਰ-ਇਤਿਹਾਸ ਨਾਲ ਜੋੜਨ ਲਈ ‘ਸੀਸ ਗੰਜ’ ਮੈਗਜ਼ੀਨ ਨੂੰ ਆਪਣੇ ਡਰਾਇੰਗ ਰੂਮ ਦਾ ਸ਼ਿੰਗਾਰ ਬਣਾਉ। 50/- ਰੁਪਏ ਸਲਾਨਾ ਚੰਦਾ ਭੇਜ ਕੇ ਅੱਜ ਹੀ ਮੰਗਵਾਓ।

## ਅਪੀਲ

ਫੈਸ਼ਨਪ੍ਰਸਤੀ ਦੇ ਵੱਧਦੇ ਪ੍ਰਭਾਵ ਕਾਰਨ ਅੱਜਕੱਲ ਸਿੱਖ ਨੌਜਵਾਨਾਂ ਵਿੱਚ ਸਿਰਾਂ ’ਤੇ ਟੋਪੀਆਂ ਪਾਉਣ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਸਿੱਖ ਰਹਿਤ ਮਰਿਆਦਾ ਦੇ ਬਿਲਕੁਲ ਉਲਟ ਹੈ। ਗੁਰਮਤਿ ਅਨੁਸਾਰ ਹਰ ਸਿੱਖ ਨੌਜਵਾਨ ਨੂੰ ਸਿਰ ’ਤੇ ਸੋਹਣੀ ਦਸਤਾਰ ਸਜਾਉਣੀ ਚਾਹੀਦੀ ਹੈ, ਜੋ ਸਿੱਖੀ ਗੌਰਵ ਦੀ ਸ਼ਾਨ ਹੈ।


ਗੁਰੂ ਪੰਥ ਦੇ ਦਾਸ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ**
ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ**
ਸਕੱਤਰ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1 ਫੋਨ : 23712580-81-82, 23737328-29 ਫੈਕਸ : 23317511
Website : www.dsgmc.in Email : info@dsgmc.in



ਟਾਈਪ ਸੈਟਿੰਗ : ਕੰਪਿਊਟਰ ਵਿਭਾਗ

ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁ. ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1